# ਪੌੜੀ 4

**ਕੇਂਦਰੀ ਭਾਵ: ਕਿਵੇਂ ਸਰਬ ਸਮਾਏ ਹੋਏ ਨੂੰ ਜਾਣੀਏ ਅਤੇ ਪਾਈਏ?**

ਸਾਹਿਬ ਸੱਚਾ ਹੈ, ਉਸਦਾ ਨਾਉਂ ਸੱਚਾ ਹੈ, ਉਸਦਾ ਗੁਣ ਗਾਨ ਅਣਗਿਣਤ ਭਾਵਾਂ ਵਿੱਚ ਕੀਤਾ ਜਾਂਦਾ ਹੈ। ਗੁਣਗਾਣ ਕਰਦੇ ਹਨ ਲੋਕ 'ਹੋਰ ਦਿਓ, ਹੋਰ ਦਿਓ' ਕਰਕੇ ਮੰਗ ਕਰਦੇ ਹਨ ਅਤੇ ਦਾਤਾ ਦੇਂਦਾ ਹੀ ਰਹਿਦਾਂ ਹੈ। ਫਿਰ ਉਸਦੇ ਅਗੇ ਕੀ ਰੱਖਿਆ ਜਾਏ, ਜੋ ਉਸਦੇ ਦਰਬਾਰ ਦਾ ਦਰਸ਼ਨ ਹੋਵੇ? ਅਤੇ ਕਿਹੜੀ ਬੋਲੀ ਬੋਲੀਏ ਜਿਸ ਨੂੰ ਸੁਣ ਕੇ ਪਿਆਰ ਕਰੇ? ਅੰਮ੍ਰਿਤ ਵੇਲੇ ਸਤਿਨਾਮ ਦੀ ਮਹਿਮਾਂ ਦਾ ਧਿਆਨ ਕਰੋ। ਕਰਮ ਨਾਲ ਦੇਹ ਮਿਲਦੀ ਹੈ। ਕਿਰਪਾ ਦ੍ਰਿਸ਼ਟੀ ਨਾਲ ਮੁਕਤੀ ਦਾ ਦਰਵਾਜ਼ਾ ਖੁੱਲਦਾ ਹੈ। ਗੁਰੂ ਨਾਨਕ ਕਹਿੰਦੇ ਹਨ ਇਸ ਤਰਾਂ ਜਾਣੋਂ ਕਿ ਪਰਮਾਤਮਾ ਹੀ ਸਾਰਾ ਕੁੱਝ ਹੈ।

ਤੁਸੀਂ ਪਰਮਾਤਮਾ ਤੋਂ ਟੁੱਟੇ ਹੋ ਆਪਣੀਆਂ ਮੰਗਾਂ ਦੇ ਕਾਰਣ। ਪਰ ਜਿੰਨਾਂ ਤੁਸੀਂ ਪਾਉਂਦੇ ਹੋ ਓਨਾਂ ਹੀ ਤੁਸੀਂ ਉਸ ਨਾਲੋਂ ਦੂਰ ਹੁੰਦੇ ਜਾਂਦੇ ਹੋ।ਜਿੰਨਾ ਮਿਲਦਾ ਜਾਵੇਗਾ ਤੁਸੀਂ ਹੋਰ ਮੰਗੀ ਜਾਓਗੇ। ਮੰਗ, ਇਛਾ, ਖ਼ਾਹਸ਼ ਕਦੇ ਵੀ ਪ੍ਰਾਰਥਨਾ ਨਹੀਂ ਬਣ ਸਕਦੀ। ਪ੍ਰਾਰਥਨਾ ਦਾ ਤਾਂ ਨਿਚੋੜ ਹੀ ਇਹ ਹੈ, ਕਿ ਤੁਸੀਂ ਉਥੇ ਧੰਨਵਾਦ ਦੇਣ ਜਾਂਦੇ ਹੋ, ਮੰਗਣ ਨਹੀਂ। ਉਸਨੇ ਪਹਿਲਾਂ ਹੀ ਬਹੁਤ ਦਿੱਤਾ ਹੋਇਆ ਹੈ। ਜਿੰਨੀ ਜਰੂਰਤ, ਯੋਗਤਾ ਹੈ ਉਸ ਤੋਂ ਜਿਆਦਾ ਦਿੱਤਾ ਹੈ। ਪਿਆਲਾ ਪਹਿਲਾਂ ਤੋਂ ਹੀ ਭਰਪੂਰ ਹੈ ਅਤੇ ਵਹਿ ਰਿਹਾ ਹੈ। ਸੱਚਾ ਭਗਤ ਉਸਨੂੰ ਧੰਨਵਾਦ ਦੇਣ ਜਾਂਦਾ ਹੈ। ਉਸਦੀ ਪ੍ਰਾਰਥਨਾ ਸ਼ੁਕਰਗੁਜ਼ਾਰੀ ਹੈ। ਉਹ ਕਹਿੰਦਾ ਹੈ ਕਿ ਤੂੰ ਮੈਨੂੰ ਬਹੁਤ ਦਿੱਤਾ ਹੈ। ਮੇਰੀ ਹੈਸੀਅਤ ਕੀ ਸੀ। ਅਤੇ ਤੁਸੀਂ ਕਹਿੰਦੇ ਹੋ, ਦੇਖੋ ਮੇਰੀ ਯੋਗਤਾ ਹੈ, ਮੇਰੇ ਨਾਲ ਅਨਿਆਏ ਹੋ ਰਿਹਾ ਹੈ। ਮੈਨੂੰ ਹੋਰ ਦੇ। ਅਤੇ ਇਹ ਹੋਰ ਕਿਤੇ ਖ਼ਤਮ ਨਹੀਂ ਹੁੰਦਾ। ਕਿਉਂਕਿ ਮੰਗ ਦਾ ਕੋਈ ਅੰਤ ਨਹੀ ਹੈ। ਇੱਕ ਮੰਗ ਪੂਰੀ ਹੁੰਦੀ ਹੈ, ਦਸ ਖਲੋ ਜਾਂਦੀਆ ਹਨ। ਇੱਕ ਵਾਸਨਾ ਖ਼ਤਮ ਨਹੀਂ ਹੋਈ ਕਿ ਦਸਾਂ ਨੂੰ ਜਨਮ ਦੇ ਜਾਦੀਂ ਹੈ। ਕਿੰਨੇ ਜਨਮਾਂ ਤੋਂ ਤੁਸੀਂ ਮੰਗ ਰਹੇ ਹੋ। ਅਜੇ ਵੀ ਤੁਸੀਂ ਨਹੀਂ ਭਰੇ। ਸਾਰੀ ਕਾਇਨਾਤ ਹਰ ਵਕਤ ਨਿਯਮਿਤ ਤਰੀਕੇ ਨਾਲ ਤੁਹਾਡੀ ਸੇਵਾ ਕਰ ਰਹੀ ਹੈ ਅਤੇ ਅੰਨਿਆ ਨੂੰ ਵਿਖਾਈ ਹੀ ਨਹੀਂ ਦੇਂਦਾ, ਹੋਰ ਦੀ ਦੁਹਾਈ ਦੇਂਦੇ ਰਹਿੰਦੇ ਹਨ। ਮੰਗਦੇ ਹੀ ਰਹਿੰਦੇ ਹਨ 'ਦਿਓ-ਹੋਰ ਦਿਓ', ਚਾਰੇ ਪਾਸੇ ਮੀਂਹ ਵਰ੍ਹ ਰਿਹਾ ਹੈ ਅਤੇ ਲੋਕ ਰੌਲਾ ਹੀ ਪਾਉਂਦੇ ਰਹਿੰਦੇ ਹਨ ਕਿ ਅਸੀਂ ਤਿਹਾਏ ਹਾਂ। ਜਿਵੇਂ ਸ਼ਿਕਵਿਏ ਨਾਲ ਮੋਹ ਬਣ ਗਿਆ ਹੈ। ਦੁੱਖ ਨਾਲ ਲਗਾਓ ਹੋ ਗਿਆ ਹੈ।

ਫਿਰ ਉਸਦੇ ਅਗੇ ਕੀ ਰੱਖਿਆ ਜਾਵੇ ਕਿ ਉਸਦੇ ਦਰਬਾਰ ਦਾ ਦਰਸ਼ਨ ਹੋਵੇ? ਗੁਰੂ ਨਾਨਕ ਕਹਿ ਰਹੇ ਹਨ ਕਿ ਉਸਨੇ ਇਨਾ ਦਿੱਤਾ ਹੈ, ਮੰਗਣ ਨੂੰ ਕੁਝ ਨਹੀਂ ਛਡਿਆ। ਜਦੋਂ ਸ਼ਿਕਵਾ ਨਹੀਂ ਰਹਿੰਦਾ, ਸ਼ੁਕਰਗੁਜ਼ਾਰੀ ਪੈਦਾ ਹੁੰਦੀ ਹੈ ਅਤੇ ਤੁਸੀਂ ਧੰਨਵਾਦ ਦੇਣ ਜਾਂਦੇ ਹੋ। ਧੰਨਵਾਦ ਦੇਣ ਲਈ ਕੀ ਭੇਂਟ ਲੈ ਕੇ ਜਾਈਏ, ਕੀ ਅਰਪਣ ਕਰਿਏ ਉਸਦੇ ਚਰਨਾਂ ਵਿੱਚ? ਤੁਸੀਂ ਫੁੱਲ ਤੋੜ ਕੇ ਲੈ ਜਾਂਦੇ ਹੋ - ਉਸਦੇ ਹੀ ਫੁੱਲ ਚੰਗੇ ਸਨ ਪੋਦਿਆਂ ਉਤੇ! ਜੀਉਂਦੇ ਸੀ। ਤੁਸੀਂ ਤੋੜ ਕੇ ਮਾਰ ਸੁੱਟੇ। ਉਸਦੇ ਹੀ ਫੁੱਲਾਂ ਨੂੰ ਮਾਰ ਕੇ ਉਸੇ ਦੇ ਚਰਨਾਂ ਵਿੱਚ ਚੜਾਉਂਦੇ ਹੋ ਅਤੇ ਤੁਹਾਨੂੰ ਸ਼ਰਮ ਵੀ ਨਹੀਂ ਆਉਂਦੀ। ਤੁਸੀਂ ਉਸਨੂੰ ਦਿਓਗੇ ਕੀ? ਸਾਰਾ ਕੁਝ ਉਸੇ ਦਾ ਦਿੱਤਾ ਹੋਇਆ ਹੈ। ਫੁੱਲ ਪੋਦਿਆਂ ਉਤੇ ਹੀ ਉਸਦਾ ਚੜਾਵਾ ਹਨ। ਸਾਰਾ ਕੁਝ ਉਸਨੂੰ ਅਰਪਣ ਹੀ ਹੋਇਆ ਹੈ। ਸੂਰਜ, ਚੰਨ, ਤਾਰੇ ਉਸਨੂੰ ਅਰਪਣ ਹਨ। ਤੁਹਾਡੇ ਘਿਓ ਦੇ ਦੀਵੇ ਹੁਣ ਹੋਰ ਕੀ ਕਰਨਗੇ? ਆਦਮੀ ਜੇਕਰ ਠੀਕ ਤਰਾਂ ਅੱਖਾਂ ਖੋਲ੍ਹ ਕੇ ਵੇਖੇ ਤਾਂ ਸਾਰੀ ਕੁਦਰਤ ਉਸਦੀ ਉਸਤਤੀ ਵਿੱਚ ਹੈ।

ਇਸ ਤੋਂ ਕੀ ਖ਼ਬਰ ਮਿਲਦੀ ਹੈ? ਇਸਤੋਂ ਇਹ ਖ਼ਬਰ ਮਿਲਦੀ ਹੈ ਕਿ ਤੁਸੀਂ ਸਮਝ ਹੀ ਨਹੀਂ ਸਕੇ ਕਿ ਜੀਵਨ ਨੇ ਜੋ ਤੁਹਾਨੂੰ ਦਿੱਤਾ ਹੈ ਉਸਨੂੰ ਮੁੜ ਵਾਪਸ ਕਰਨ ਵਿੱਚ ਤੁਹਾਡਾ ਕੀ ਹੈ? ਤੁਸੀਂ ਖ਼ਰੀਦੇ ਹੋਏ ਫੁੱਲ, ਕੇਸਰ ਵਿੱਚ ਰੰਗੇ ਹੋਏ ਚੌਲ, ਦੇਸੀ ਘਿਓ ਦੇ ਦੀਵੇ, ਤੋੜੇ ਹੋਏ ਪੱਤੇ, ਧੰਨ ਦੌਲਤ ਭੇਂਟ ਦੇਣ ਜਾਂਦੇ ਹੋ ਅਤੇ ਸ਼ਰਮਿੰਦੇ ਵੀ ਨਹੀਂ ਹੋ! ਜਦ ਤਕ ਤੁਸੀਂ ਸਮਝਦੇ ਹੋ ਮੈਂ ਆਪ ਹੀ ਮਾਲਿਕ ਹਾਂ, ਚਾਹਵਾਂ ਤਾਂ ਭੇਂਟ ਕਰ ਸਕਦਾ ਹਾਂ। ਤਦ ਤਕ ਤੁਸੀਂ ਭੁੱਲਾਂ ਨਾਲ ਭਰੇ ਹੋਏ ਹੋ! ਤੁਸੀਂ ਕੁਝ ਵੀ ਰੱਖ ਦਿਓ, ਸਾਰਾ ਰਾਜ-ਪਾਟ ਰੱਖ ਦਿਓ ਆਪਣਾ, ਤਦ ਵੀ ਤੁਸੀਂ ਕੁਝ ਰੱਖਿਆ ਨਹੀਂ। ਕਿਉਂਕਿ ਸਭ ਕੁਝ ਉਸਦਾ ਸੀ। ਤੁਸੀਂ ਉਸਦੇ ਹੋ। ਤੁਸੀਂ ਜਿਹੜੀ ਕਮਾਈ ਕੀਤੀ, ਤੁਸੀਂ ਜੋ ਕੁਝ ਇਕੱਠਾ ਕਰ ਲਿਆ, ਉਹ ਵੀ ਉਸੇ ਦੀ ਖੇਡ ਹੈ। ਤਾਂ ਫਿਰ ਕੀ ਰੱਖੀਏ?

ਨਹੀਂ, ਕੁਝ ਵੀ ਰੱਖਣ ਨਾਲ ਕੁਝ ਨਹੀਂ ਬਣੇਗਾ। ਜੇਕਰ ਤੁਸੀਂ ਇਹ ਸਮਝ ਜਾਓ ਕਿ ਸਾਰਾ ਕੁਝ ਉਸੇ ਦਾ ਹੈ। ਬੱਸ! ਭੇਂਟ ਸਵੀਕਾਰ ਹੋ ਗਈ।

ਦੂਸਰਾ ਪ੍ਰਸ਼ਨ ਹੈ ਗੁਰੂ ਨਾਨਕ ਦਾ ਕਿ ਕਿਹੜੀ ਬੋਲੀ ਬੋਲੀਏ ਜਿਸ ਨੂੰ ਸੁਣ ਕੇ ਉਹ ਪਿਆਰ ਕਰੇ? ਕੀ ਕਹੀਏ ਉਸਨੂੰ? ਕਿਹੜੇ ਸ਼ਬਦਾਂ ਦੀ ਵਰਤੋਂ ਕਰੀਏ? ਕਿਵੇਂ ਉਸਨੂੰ ਰਿਝਾਈਏ? ਕਿਵੇਂ ਉਸਨੂੰ ਰਾਜ਼ੀ ਕਰੀਏ? ਕਿਵੇਂ ਅਸੀਂ ਕੁਝ ਕਰੀਏ ਕਿ ਉਸਦਾ ਪਿਆਰ ਵਰ੍ਹੇ?

ਅਸੀਂ ਕੁਝ ਵੀ ਬੋਲੀਏ, ਉਹ ਹੀ ਸਾਡੇ ਰਾਹੀਂ ਬੋਲ ਰਿਹਾ ਹੈ। ਉਸਦੇ ਹੀ ਸ਼ਬਦ ਉਸਨੂੰ ਹੀ ਚੜ੍ਹਾਏ ਤਾਂ ਇਸ ਦੇ ਵਿੱਚ ਕੀ ਸਿਆਣਪ ਹੈ? ਉਸ ਦਾ ਦਿੱਤਾ ਹੋਇਆ ਹੀ ਬੇਹਾ ਕਰਕੇ ਉਸ ਨੂੰ ਮੋੜ ਦੇਣਾ? ਇਹ ਸਿਰਫ਼ ਅਗਿਆਨੀ ਕਰ ਸਕਦਾ ਹੈ। ਗਿਆਨੀ ਤਾਂ ਪਾਉਂਦਾ ਹੈ ਕਿ ਚੜ੍ਹਾਵੇ ਲਈ ਕੁਝ ਵੀ ਨਾ ਬੱਚਿਆ ਕਿਉਂਕਿ ਮੈਂ ਖ਼ੁਦ ਹੀ ਚੜ੍ਹਾਵਾ ਹਾਂ, ਕੋਈ ਸ਼ਬਦ ਉਸਦੀ ਪ੍ਰਾਰਥਨਾ ਨਹੀਂ ਬਣ ਸਕਣਗੇ ਕਿਉਂਕਿ ਸਾਰੇ ਸ਼ਬਦ ਉਸ ਦੇ ਹਨ। ਉਹੀ ਬੋਲ ਰਿਹਾ ਹੈ, ਧੜਕ ਰਿਹਾ ਹੈ ਹਿਰਦੇ ਵਿੱਚ, ਸੁਆਸਾਂ ਦਾ ਸੁਆਸ ਹੈ। ਤਾਂ ਫਿਰ ਗਿਆਨੀ ਕੀ ਕਰੇ?

"ਗੁਰੂ ਨਾਨਕ ਕਹਿੰਦੇ ਹਨ, ਬੱਸ, ਇੱਕ ਹੀ ਕੰਮ ਕਰਨ ਯੋਗ ਹੈ, ਅੰਮ੍ਰਿਤ ਵੇਲੇ ਸਤਿਨਾਮੁ ਦੀ ਮਹਿਮਾਂ ਦਾ ਧਿਆਨ ਕਰੋ"। ਹੋਰ ਕੁਝ ਕਰਨ ਨੂੰ ਨਹੀਂ ਹੈ।

ਅੰਮ੍ਰਿਤ ਵੇਲਾ - ਜਦੋਂ ਤੁਸੀਂ ਰਾਤ ਨੂੰ ਸੌ ਰਹੇ ਹੁੰਦੇ ਹੋ ਤੁਸੀ ਅਵਚੇਤਨ ਦੀ ਅਵਸਥਾ ਵਿੱਚ ਹੁੰਦੇ ਹੋ। ਜਿਵੇਂ ਬੇਹੋਸ਼ੀ ਦਾ ਟੀਕਾ ਦਿੱਤਾ ਹੋਵੇ। ਉਸ ਸਮੇਂ ਪ੍ਰਮਾਤਮਾ ਤੁਹਾਡੀ ਦੇਹ ਦਾ ਨਵੀਂਕਰਣ ਸ਼ੁਰੂ ਕਰ ਦੇਂਦਾ ਹੈ। ਜਦੋਂ ਤੁਸੀਂ ਸਵੇਰੇ ਜਾਗਦੇ ਹੋ ਤਾਂ ਨਵੇਂ ਨਰੋਏ, ਸੁਚੇਤ ਅਤੇ ਤਾਕਤ ਨਾਲ ਭਰੇ ਹੁੰਦੇ ਹੋ।ਕਿਉਂਕਿ ਸਾਰੇ ਦਿਨ ਦੇ ਵਿਕਾਰ ਜਿਹੜੇ ਕੀ ਕੰਮ-ਕਾਰ ਜਾਂ ਖਾਣ-ਪੀਣ ਨਾਲ ਹੋਏ ਸੀ ਉਹ ਪ੍ਰਮਾਤਮਾ ਨੇ ਰਾਤ ਭਰ ਵਿੱਚ ਭਰ ਦਿੱਤੇ। ਹੁਣ

ਤੁਹਾਡਾ ਅੰਤਰਕਸ਼ ਨਵਾਂ ਨਰੋਆ ਹੋ ਗਿਆ ਅਤੇ ਨ੍ਹਾਉਣ ਤੋਂ ਬਾਅਦ ਤੁਹਾਡੀ ਬਾਹਰਲੀ ਦੇਹ ਵੀ ਤੰਦਰੁਸਤ ਹੋ ਗਈ। ਹੁਣ ਤੁਸੀਂ ਬਿਲਕੁਲ ਤਿਆਰ ਹੋ ਪ੍ਰਮਾਤਮਾ ਦੀ ਮਹਿਮਾਂ ਦਾ ਧਿਆਨ ਕਰਨ ਲਈ।

ਪਰ ਉਹ ਜੋ ਵੇਲਾ ਹੈ ਉਹ ਅਸੀਂ ਗੁਆ ਲੈਂਦੇ ਹਾਂ ਕਿਉਂਕਿ ਸਾਡੀ ਜੀਵਨ-ਸ਼ੈਲੀ ਹੀ ਐਸੀ ਹੈ। ਸਾਰਾ ਦਿਨ ਦਫ਼ਤਰ, ਕੰਮ-ਕਾਰ, ਕਾਰੋਬਾਰ ਦੀ ਭੱਜ-ਦੌੜ, ਚਿੰਤਾ ਅਤੇ ਰਾਤ ਨੂੰ ਚੈਨ ਨਾਲ ਸੌਣ ਦੀ ਬਜਾਏ ਖ਼ਾਤਰਦਾਰੀ ਸਮਾਰੋਹ, ਸ਼ਰਾਬ ਦਾ ਦੌਰ। ਜੇ ਮੇਜ਼ਬਾਨੀ, ਸ਼ਰਾਬ ਨਾ ਵੀ ਹੋਵੇ ਤਾਂ ਵੀ ਖਿਲਾਰਾ ਇਨਾਂ ਖਿਲਾਰ ਲਿਆ ਹੈ ਕਿ ਚਿੰਤਾ,ਫਿਕਰ ਕਾਰਣ ਨੀਂਦ ਨਹੀਂ ਆਉਂਦੀ। ਜਿਹੜੀ ਜਿਆਦਾ ਥਕਾਵਟ ਕਾਰਣ ੧-੨ ਘੰਟੇ ਜਰੂਰੀ ਨੀਂਦ ਆਉਂਦੀ ਹੈ ਉਸ ਵਿੱਚ ਅੰਤਰਕਸ਼ ਹਾਲੇ ਪੂਰਣਤਾ ਨਾਲ ਤਰੋ-ਤਾਜ਼ਾ ਨਹੀਂ ਹੋਇਆ ਹੁੰਦਾ ਅਤੇ ਅਗਲੇ ਦਿਨ ਦੀ ਜੱਦੋ-ਜਹਿਦ, ਹੋਰ ਵਿਗਾੜ ਸ਼ੁਰੂ ਹੋ ਜਾਂਦਾ ਹੈ। ਵਿਗਾੜ ਜਿਆਦਾ ਹੁੰਦਾ ਜਾਂਦਾ ਹੈ ਉਪਚਾਰ ਘੱਟ ਹੁੰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਤੁਹਾਡੇ ਮਾਰਮਿਕ ਅੰਗ ਜਿਵੇਂ ਕਿ ਗੁਰਦੇ, ਜਿਗਰ, ਦਿਲ, ਦਿਮਾਗ ਆਦਿ ਬੈਠ ਜਾਂਦੇ ਹਨ। ਨਵੇਂ ਨਰੋਏ ਹੋ ਕੇ ਪ੍ਰਮਾਤਮਾ ਦੀ ਮਹਿਮਾਂ ਦੇ ਧਿਆਨ ਲਈ ਸਮਾਂ ਹੀ ਨਹੀਂ। ਹਮੇਸ਼ਾ ਅੰਦਰ ਸ਼ਿਕਵਾ, ਕਸਕ, ਈਰਖਾ, ਦਵੈਸ਼, ਦੁਰਭਾਵਨਾ, ਖੋਰ, ਵੈਰ, ਨਫ਼ਰਤ, ਨਾਰਾਜ਼ਗੀ, ਕੜਵਾਹਟ ਆਦਿ ਗਰਦਿਸ਼ ਕਰਦੇ ਹਨ। ਇਸ ਨਾਲ ਅੰਦਰ ਜ਼ਹਿਰ ਇਕੱਠਾ ਹੁੰਦਾ ਰਹਿੰਦਾ ਹੈ ਜੋ ਕਿ ਬਾਅਦ ਵਿੱਚ ਦੇਹ ਤੇ ਕੈਂਸਰ ਜਾਂ ਹੋਰ ਬਿਮਾਰੀਆਂ ਦੇ ਰੂਪ ਵਿੱਚ ਫੁੱਟ ਪੈਂਦਾ ਹੈ।

ਇਹ ਦਸ਼ਾ ਸਿਰਫ਼ ਸਮਰੱਥ ਲੋਕਾਂ ਦੀ ਹੀ ਨਹੀਂ ਹੈ ਬਲਕਿ ਗਰੀਬ, ਮਜ਼ਲੂਮ ਦੇ ਜੀਵਨ ਦਾ ਢੰਗ ਇਨ੍ਹਾਂ ਤਥਾ-ਕਥਿਤ ਅਮੀਰਾਂ ਦੀ ਚਮਕ-ਦਮਕ ਨੂੰ ਵੇਖ ਕੇ ਪ੍ਰਭਾਵਿਤ ਹੋ ਜਾਂਦਾ ਹੈ। ਉਹ ਇਕ ਕੰਮ ਦੀ ਬਜਾਇ ਦੁਗਣੀ, ਤਿਗੁਣੀ ਮਿਹਨਤ ਕਰਦਾ ਹੈ। ਜਦੋਂ ਸਰੀਰ ਜਿਆਦਾ ਕੰਮ ਵਿੱਚ ਸਾਥ ਨਹੀਂ ਦੇਂਦਾ ਤਾਂ ਸ਼ਰਾਬ, ਹੋਰ ਨਸ਼ੇ ਦਾ ਸਹਾਰਾ ਲੈਂਦਾ ਹੈ ਅਤੇ ਆਪਣੀ ਹਾਲਤ ਵੀ ਇਨ੍ਹਾਂ ਚਕਾਚੌਂਧੀਆ ਵਾਲੀ ਕਰ ਲੈਂਦਾ ਹੈ।

ਪ੍ਰਮਾਤਮਾ ਦੀ ਮਹਿਮਾਂ ਨੂੰ ਛੱਡ ਕੇ ਜੇ ਹੋਰ ਕਰਮ ਸੈਂਕੜੇ ਵਾਰ ਵੀ ਕਰੀਏ ਤਾਂ ਕੁਝ ਨਹੀਂ ਬਣਦਾ ਕਿਉਂਕਿ ਕੂੜੇ ਕਰਮ ਨਾਲ ਕੂੜ ਦਾ ਹੀ ਜ਼ੋਰ ਵਧਦਾ ਹੈ। ਪ੍ਰਮਾਤਮਾ ਦੀ ਮਹਿਮਾਂ ਤੋਂ ਖੁੰਝੀ ਹੋਈ ਮਤਿ ਹੋਰ ਪਾਸੇ ਹੀ ਲੈ ਜਾਂਦੀ ਹੈ।

ਪਰ ਜੇ ਮਨੁੱਖ ਆਪਣਾ ਜੀਵਨ ਢੰਗ ਪ੍ਰਮਾਤਮਾ ਦੇ ਬਣਾਏ ਅਨੁਕੂਲ ਚਲੇ ਤਾਂ ਉਸਦਾ ਸਰੀਰ ਕੇਸਰ ਵਰਗਾ ਸ਼ੁੱਧ ਵਿਕਾਰ ਰਹਿਤ, ਹਰੇਕ ਸੁਆਸ ਵਿੱਚ ਅਗਰ, ਚੰਦਨ ਵਰਗੀ ਖ਼ੁਸ਼ਬੂ ਅਤੇ ਜੀਭ ਪ੍ਰਮਾਤਮਾ ਦੀ ਮਹਿਮਾਂ ਦੇ ਰਤਨਾਂ ਨਾਲ ਜੜੀ ਜਾਂਦੀ ਹੈ, ਮਤਿ ਖਿੜ ਉਠਦੀ ਹੈ। ਇਸ ਖਿੜੀ ਹੋਈ ਮਤਿ ਨਾਲ ਹੀ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਸਲਾਹਿਆ ਜਾ ਸਕਦਾ ਹੈ।

ਪ੍ਰਮਾਤਮਾ ਦੀ ਬਣਾਈ ਪ੍ਰਣਾਲੀ ਅਨੁਕੂਲ ਚਲਨਾਂ, ਸੌਣਾ-ਜਾਗਣਾ, ਖਾਣਾ-ਪੀਣਾ ਹੀ ਅਮ੍ਰਿਤ ਵੇਲਾ ਹੈ।

ਮਹਿਮਾਂ ਦਾ ਅਰਥ ਹੈ "ਸਾਚਾ ਸਾਹਿਬੁ, ਸਾਚੁ ਨਾਇ" ਬੱਸ ਉਸਦੀ ਮਹਿਮਾਂ ਦਾ ਭਾਵ ਰਹੇ, ਸ਼ਬਦ ਨਹੀਂ।

ਕਰਮ ਨਾਲ ਦੇਹ ਮਿਲਦੀ ਹੈ ਅਤੇ ਕਿਰਪਾ ਦ੍ਰਿਸ਼ਟੀ ਨਾਲ ਮੋਖੱਸ਼ ਦਾ ਦੁਆਰ ਖੁੱਲ੍ਹਦਾ ਹੈ। ਕੁਝ ਚੀਜ਼ਾਂ ਹਨ ਜਿਹੜੀਆਂ ਤੁਸੀਂ ਕਰਕੇ ਕਦੇ ਨਹੀਂ ਪਾ ਸਕਦੇ। ਤੁੱਛ ਨੂੰ ਕਰਕੇ ਪਾਇਆ ਜਾ ਸਕਦਾ ਹੈ। ਵਿਰਾਟ ਨੂੰ ਕਰਕੇ ਨਹੀਂ ਪਾਇਆ ਜਾ ਸਕਦਾ। ਜੇ ਪਾ ਸਕਦੇ ਹੁੰਦੇ ਤਾਂ ਬਹੁਤ ਹੀ ਸੌਖਾ ਸੀ, ੧੦੮ ਵਾਰੀ ਮਾਲਾ ਫੇਰ ਲਓ, ੧੦੧ ਲੜੀਵਾਰ ਗੁਰੂ ਗ੍ਰੰਥ ਸਹਿਬ ਦੇ ਪਾਠ ਕਰ ਲਓ। ਕਰੜੀ ਮਿਹਨਤ, ਕਰਮ ਨਾਲ ਜਦੋਂ ਤੁਸੀ ਬਹੁਤ ਭਰ ਗਏ ਹੁੰਦੇ ਹੋ ਤਾਂ ਪਰਮਾਤਮਾ ਨਾਲ ਤੁਹਾਡਾ ਸੰਬੰਧ ਟੁੱਟ ਜਾਂਦਾ ਹੈ। ਧਿਆਨ ਹੋਛਾ ਹੋ ਜਾਂਦਾ ਹੈ। ਕੁਝ ਸਾਰ ਨਹੀਂ ਰਹਿ ਜਾਂਦਾ। ਕਿਸ ਦਾ ਧਿਆਨ? ਕਿਹੋ ਜਿਹਾ ਧਿਆਨ? ਕਾਹਦੇ ਲਈ, ਕਰਮ ਸਭ ਕੁਝ ਹੋ ਗਿਆ। ਧਿਆਨ ਤਾਂ ਕੁਝ ਨਾ ਕਰਨ ਦੀ ਅਵਸਥਾ ਹੈ, ਜਦ ਤੁਸੀਂ ਕੁਝ ਵੀ ਨਹੀਂ ਕਰਦੇ।

ਤੁਹਾਡੇ ਕਰਤਾ ਦੇ ਭਾਵ ਨਾਲ ਕੁਝ ਵੀ ਨਹੀਂ ਹੋਵੇਗਾ। ਅਤੇ ਜਿਨ੍ਹਾਂ ਤੁਸੀ ਪਾਉਣ ਦੀ ਕੋਸ਼ਿਸ਼ ਕਰੋਗੇ ਓਨੇ ਹੀ ਤੁਸੀਂ ਭਟਕੋਗੇ। ਤੁਸੀਂ ਉਸਨੂੰ ਤਾਂ ਹੀ ਪਾ ਸਕਦੇ ਹੋ ਜਦੋਂ ਤੁਸੀਂ ਉਸਦੇ ਹੱਥਾਂ ਵਿੱਚ ਆਪਣੇ ਆਪ ਨੂੰ ਛੱਡ ਦਿਓ। ਉਹ ਕਰੇ ਅਤੇ ਤੁਸੀਂ ਸਿਰਫ਼ ਮਾਧਿਅਮ ਹੋ ਜਾਓ। ਜਿਹੜੇ ਲੋਕ ਇਸ ਦੁਨੀਆਂ ਵਿੱਚ ਕੁਝ ਕਰ ਪਾਉਂਦੇ ਹਨ ਉਹ ਉਸ ਦੁਨੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਅਤੇ ਜਿਹੜੇ ਉਸ ਦੁਨੀਆਂ ਨੂੰ ਪਾਉਂਣ ਦੇ ਹੱਕਦਾਰ ਹੁੰਦੇ ਹਨ, ਕਰੀਬ-ਕਰੀਬ ਇਸ ਦੁਨੀਆਂ 'ਚ ਕੁਝ ਵੀ ਕਰਨ ਦੇ ਸਮਰੱਥ ਨਹੀਂ ਹੁੰਦੇ। ਅਜਿਹਾ ਨਹੀਂ ਕਿ ਉਨ੍ਹਾਂ ਕੋਲੋ ਕੁਝ ਹੁੰਦਾ ਨਹੀ, ਪਰ ਉਨ੍ਹਾਂ ਦੇ ਹੋਣ ਦਾ ਢੰਗ ਅਤੇ ਕਰਨ ਦਾ ਗੁਣ ਵਖਰਾ ਹੈ। ਉਹ ਉਪ-ਕਰਣ ਹੋ ਜਾਂਦੇ ਹਨ। ਉਨ੍ਹਾਂ ਤੋਂ ਬਹੁਤ ਕੁਝ ਹੁੰਦਾ ਹੈ। ਉਹ ਕ੍ਰਤਯ ਦੇ ਜਗਤ ਤੋਂ ਹਟ ਕੇ ਮਹਿਮਾਂ ਦੇ ਜਗਤ ਵਿੱਚ ਡੁੱਬ ਜਾਂਦੇ ਹਨ।

ਮਹਿਮਾਂ ਦਾ ਅਰਥ ਹੈ, ਕਰਨ ਵਾਲਾ ਤੂੰ ਹੀ ਹੈ, ਮੈਂ ਕੀ ਕਰ ਸਕਦਾ ਹਾਂ! ਅਤੇ ਜਿਵੇਂ ਹੀ ਤੁਹਾਨੂੰ ਇਹ ਲੱਗਣ ਲੱਗ ਪੈਂਦਾ ਹੈ ਕਿ ਮੈਂ ਕੀ ਕਰ ਸਕਦਾ ਹਾਂ, ਤੁਹਾਡਾ ਹੰਕਾਰ ਬੂੰਦ-ਬੂੰਦ ਗੁਆਚਣ ਲੱਗਦਾ ਹੈ। ਜਿਸ ਦਿਨ ਤੁਹਾਨੂੰ ਭਰਪੂਰਤਾ ਨਾਲ ਇਹ ਲੱਗ ਜਾਂਦਾ ਹੈ ਕਿ ਮੈਂ ਅਸਮਰੱਥ ਹਾਂ, ਮੇਰੇ ਕੀਤੇ ਕੁਝ ਵੀ ਨਹੀਂ ਹੋਏਗਾ, ਮੈਂ ਬੇਸਹਾਰਾ ਹਾਂ, ਉਸੇ ਘੜੀ ਮੋਖੱਸ਼ ਦਾ ਦਰਵਾਜ਼ਾ ਖੁੱਲ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਕਰਮ ਨਾਲ ਦੇਹ, ਸੰਸਾਰ ਮਿਲਦਾ ਹੈ। ਕਿਰਪਾ ਦ੍ਰਿਸ਼ਟੀ ਨਾਲ ਮੋਖੱਸ਼ ਦਾ ਦੁਆਰ ਪ੍ਰਾਪਤ ਹੁੰਦਾ ਹੈ। ਇਸ ਤਰਾਂ ਜਾਣੋ ਕਿ ਉਹ ਹੀ ਸਰਬ ਸਮਾਇਆ ਹੋਇਆ ਅਤੇ ਸਭ ਕੁਝ ਹੈ।

# LESSON 4

Central Idea: How to know and attain the All Pervading Lord?

The Lord is truth. Truth is his Name. His praises are sung in endless ways. Even while praising they ask for more and more, and the Lord keeps on giving. Then what offering can we make to gain a glimpse of His court? And what words shall we speak to endear us to Him? Guru Nanak says, remember the True Name and meditate on its glory in the ambrosial hour. Through your actions you receive this body, and by His grace the door to salvation opens. Guru Nanak says; know then His Truth, because He alone is everything.

You are separated from God by your demands. But whatever you get, you become further away from Him. The more you get this way; you keep on asking for more and more. A demand, desire, longing can never be a prayer. The essence of prayer is to offer thanksgiving and not ask for handouts. He has already given enough – more than necessary, more than we deserve. The cup is full to the brim and already overflowing. The genuine devotee offers thanks, his prayer is full of gratitude, saying:"You have given me so much; I am not capable to receive it all". And at the other extreme, there you stand always complaining "See the injustice, I deserve more: I want more!" Yet there is no end to their asking. If one desire is fulfilled, ten others take its place. Before one longing came to an end it gives birth to ten more. For how many births have you thus been asking? And you are still not full! The entire universe is always serving you in an orderly manner but these blind people didn't see and still clamor for more. While His grace pours down on them, they still lament endlessly that they are thirsty as if they got attached with grievances, fallen in love with their suffering!

Then what offering can we make to gain a glimpse of His court? Guru Nanak says God has given so much; there is nothing left to be asked for. When complaints fall away, you are filled with gratitude, you express thanks for Him. What shall we offer, place before His feet when we express our thanksgiving? You take plucked flowers – they are better off on the plants! still living. You kill the flowers by plucking it. You kill His flowers, offer them at His feet and you are not ashamed? What can you give Him? Everything is His! The flowers on the plants are already an offering to Him. Everything stands offered at His lotus feet even the sun, moon and stars etc. What will your poor lamps of pure ghee do before the orb of the sun? If a man opens his eyes and see that all the existence stands offered at His feet.

What does this show? It shows that you have not understood what is your contribution in returning a little bit of that you receive from His infinite treasure? You offered brought out flowers, rice dipped in saffron, pure ghee lamps, plucked leaves, wealth, treasure and you are not even ashamed! As long as you consider yourself the master you may give if you like, but you err! Anything you may offer, your whole kingdom, even then it's nothing as everything is His. You are His. Whatever you have earned, whatever you have gathered is all His play. Then what will we put before Him?

No! No gift will serve the purpose. If you understand that everything is His. It is enough! Your gift is accepted.

The second question of Guru Nanak is that what language we shall speak, hearing which, He may love us? What shall we say to Him? What words shall we use? How He will fall in love? How shall we please Him? What shall we do so that His love pours on us?

Whatever we say, it is He who speak through us. What is so exceptional in offering His own words to Him? Only in ignorance can it be done. Wisdom recognizes that nothing is left to offer Him because

I am too an offering at His feet, no words can become a prayer, because all words are His. It is He who speaks, throbs within the heart, the breath of breaths. Then what is the wise one to do?

Guru Nanak says, there is only one thing worth doing and that is to remember Satnam, the true name, and its glories in the **ambrosial hour**. There is nothing else to be done.

**Ambrosial hour** – "When you are sleeping during night you are in a subconscious state as if anesthesia is given. At that time the God start remedial action on your body. When you wake up in the morning you are fresh, conscious, and full of energy because all the deformities, ailments which have arisen due to work occupation or eating have been filled by God during night. The inner self of you is now refreshed and after taking bathe your outer body would also become hale and hearty. Now you are perfectly ready for meditating on God's glories.

But we lost that time because of our lifestyle. In the day time tension, stress, engagement, over busyness in office, work occupation, and in the night instead of having a sound sleep we have rounds of hospitality, cocktail, whiskey. Even if no reception, cocktail parties the business is so vastly spread there is no question of sound sleep because of stress, anxiety. Whatsoever compulsory sleep of 1-2 hour taken because of tiredness it could not be able to cure the deformities, and the next day's struggle, more disorder started? The illness, sicknesses are keeps on increasing whereas the treatment of them could not be taken place. The end result is that your vital parts such as kidney, liver, heart, brain, etc. could not be able to perform well. We do not have time to refresh the inner self then how can we meditate on God's glories? The anguish, envy, ill will, enmity, grudge, hate, bitterness, jealousy, resentment etc. always moves around in the inner self. With this the venom start depositing in the inner self and later on it becomes sprouted and manifested on your body in the form of cancer, other diseases.

This position is not only of worthy people but the poor, penniless would also be impressed by the so called splendor lifestyle of riches. He starts working on double, triple shifts to match the lifestyle of riches. When his body could not support him he takes the help of drugs, whiskey and makes his position equal to that of a splendiferous people.

Any acts, deeds except the meditation on glorious praises of God will not result in gain because if the falsehood is practiced a hundred times, it is still false in its effect.

The intellect will go differently in the direction of falsehood in the absence of meditation on glorious praises of God.

The intellect illuminated with wisdom, body sanctified equal to that saffron, breathe equal to that pure fragrant incense, tongue laid with jewels of God's praises, if a man adopt the lifestyle in consonance with that of God. With such kind of illuminated intellect, the praises of the treasure of excellence can be glorified.

Working, sleeping and eating in consonance with God's system is ambrosial hour".

Let your experience be of His glories, and this feeling should be: "He is truth, His name is truth". Do not say any words, keep only the feeling within.

Through your actions, deeds this body is achieved and it is His benevolent, all-compassionate eyes that open the door of salvation. There are certain things which cannot be attained by actions. The things which are petty and trivial can be attained by actions. The vast absolute cannot be attained through actions. If God can be attained through actions then it becomes very easy to rotate rosary

108 times, recite Guru Granth Sahib 101 time's continuously. When you are filled with stiff hard work, actions and deeds then your connection with God is broken. Meditation became hollow and superficial. Meditation was completely lost its essence. What to meditate? What kind of meditation? There was no point in meditating, actions can do everything. Meditation is a condition of inaction, when you do nothing. When everything is to be attained by actions, what is left to inaction?

If you have a feeling to create things by actions then you will achieve nothing. The more you try through action the more you will wander. You can attain God only when you leave yourself completely to Him; then it is He who acts and you are only the medium. Those people who have done the most for the world are denied the Lord's world completely. Those who are the just claimants of the Lord's world are almost unable to do anything in this world. It is not that they are not capable, but their whole quality of being and doing is different. They become only a means, a medium through which many things can happen. They removed themselves from the world of action and are drowned in the world of glory.

Glory means "You are the doer, what can I perform!" No sooner do you begin to feel your worthlessness, expressed as, "What can I do?" then your ego begins to fall away, drop by drop. The day you feel this in totality – that you are incapable, nothing happens because of you, you are helpless – the doors of liberation open for you.

Guru Nanak says through your actions you receive this robe, and by grace the door to salvation opens. In this way you came to know that He is all pervading, containing and alone is everything.